# ਗੰਨਾ ਸੈਕਸ਼ਨ ਸਬੰਧੀ ਨੋਟ

ਪੰਜਾਬ ਰਾਜ ਵਿੱਚ ਇਸ ਸਮੇਂ 16 ਖੰਡ ਮਿੱਲਾਂ ਚਲ ਰਹੀਆਂ ਹਨ। ਇਹਨਾਂ 16 ਖੰਡ ਮਿੱਲਾਂ ਵਿੱਚੋਂ 9 ਸਹਿਕਾਰੀ ਖੰਡ ਮਿੱਲਾਂ ਹਨ ਅਤੇ 7 ਪ੍ਰਾਈਵੇਟ ਖੰਡ ਮਿੱਲਾਂ ਹਨ। ਇਹਨਾਂ ਚਾਲੂ 9 ਸਹਿਕਾਰੀ ਖੰਡ ਮਿੱਲਾਂ ਦੀ ਪਿੜਾਈ ਸਮੱਰਥਾ 15766 ਟੀ.ਸੀ.ਡੀ. ਹੈ ਅਤੇ 7 ਪ੍ਰਾਈਵੇਟ ਖੰਡ ਮਿੱਲਾਂ ਦੀ ਪਿੜਾਈ ਸਮੱਰਥਾ 34000 ਟੀ.ਸੀ.ਡੀ. ਹੈ। ਇਹਨਾਂ ਚਾਲੂ ਖੰਡ ਮਿਲਾਂ ਨੂੰ ਉਹਨਾਂ ਦੀ ਪਿੜਾਈ ਸਮੱਰਥਾ ਅਨੁਸਾਰ ਲਾਹੇਵੰਦ ਸਮੇ (180 ਦਿਨਾਂ) ਲਈ ਚਲਾਉਣ ਵਾਸਤੇ ਗੰਨੇ ਹੇਠ ਲਗੱਭੱਗ 1.80 ਲੱਖ ਹੈਕ: ਰਕਬੇ ਅਤੇ ਪਿੜਾਈ ਲਈ 896 ਲੱਖ ਕੁਇੰਟਲ ਗੰਨਾ ਉਪਲਬੱਧ ਕਰਵਾਉਣ ਦੀ ਲੋੜ ਹੈ। ਪਰੰਤੂ, ਚਾਲੂ ਪਿੜਾਈ ਸਾਲ 2014-15 ਦੌਰਾਨ ਰਾਜ ਵਿੱਚ ਲਗਭੱਗ 94 ਹਜਾਰ ਹੈਕ: ਰਕਬੇ ਵਿੱਚ ਗੰਨਾ ਬੀਜਿਆ ਗਿਆ ਜਿਸ ਵਿੱਚੋਂ ਲਗਭੱਗ 705 ਲੱਖ ਕੁਇੰ: ਗੰਨੇ ਦੀ ਪੈਦਾਵਾਰ ਹੋਈ ਹੈ ਅਤੇ ਇਸ ਵਿੱਚੋ ਲਗਭੱਗ 569 ਲੱਖ ਕੁਇੰ: ਗੰਨਾ ਪੀੜਿਆ ਗਿਆ ਹੈ।

ਪਿਛਲੇ ਕੁਝ ਸਾਲਾਂ ਤੋ ਰਾਜ ਵਿਚ ਗੰਨੇ ਹੇਠ ਰਕਬਾ ਘਟਣ ਦਾ ਇਕ ਮੁੱਖ ਕਾਰਣ ਝੋਨੇ ਅਤੇ ਕਣਕ ਦੀਆਂ ਫਸਲਾਂ ਤੋ ਗੰਨੇ ਦੇ ਮੁਕਾਬਲੇ ਵਧੇਰੇ ਆਮਦਨ ਦਾ ਹੋਣਾ ਹੈ, ਕਿਉਕਿ ਭਾਰਤ ਸਰਕਾਰ ਵਲੋ ਕਣਕ ਅਤੇ ਝੋਨੇ ਦੀ ਐਮ.ਐਸ.ਪੀ. ਗੰਨੇ ਦੇ ਐਫ.ਆਰ.ਪੀ. ਦੇ ਮੁਕਾਬਲੇ ਵੱਧ ਫਿਕਸ ਕੀਤੀ ਜਾਂਦੀ ਹੈ। ਇਹ ਰਵਾਇਤੀ ਫਸਲੀ ਚੱਕਰ (ਕਣਕ-ਝੋਨਾ) ਰਾਜ ਵਿਚ ਪ੍ਰਚਲਿੱਤ ਹੋਣ ਤੋ ਇਲਾਵਾ ਇਹਨਾਂ ਫਸਲਾਂ ਦੀ ਕਟਾਈ, ਵਢਾਈ ਦਾ ਮਸ਼ੀਨੀਕਰਨ ਅਤੇ ਸੁਚੱਜਾ ਮੰਡੀਕਰਨ ਹੋਣ ਕਰਕੇ ਕਿਸਾਨ ਇਹਨਾਂ ਨੂੰ ਬੀਜਣ ਨੂੰ ਤਰਜੀਹ ਦਿੰਦੇ ਹਨ। ਗੰਨੇ ਦੀ ਫਸਲ ਦਾ ਮਸ਼ੀਨੀਕਰਨ ਨਾ ਹੋਣ ਕਰਕੇ ਇਸਦੀ ਕਟਾਈ ਅਤੇ ਛਲਾਈ ਸਮੇ ਲੇਬਰ ਦਾ ਵਧੇਰੇ ਖਰਚਾ ਹੰਦਾ ਹੈ ਅਤੇ ਖੰਡ ਮਿੱਲਾਂ ਵੱਲੋ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਨਾ ਹੋਣ ਕਰਕੇ ਗੰਨੇ ਹੇਠ ਰਕਬਾ ਘੱਟ ਬੀਜਿਆ ਜਾਂਦਾ ਹੈ।

ਗੰਨੇ ਹੇਠ ਰਕਬਾ, ਪੈਦਾਵਾਰ ਪੀੜਿਆ ਗੰਨਾ, ਬਣਾਈ ਖੰਡ ਅਤੇ ਖੰਡ ਦੀ ਰਿਕਵਰੀ ਦੇ ਸਾਲ-ਵਾਰ ਅੰਕੜੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ. | ਵੇਰਵਾ | ਪਿੜਾਈ ਸੀਜਨ | | | |
|---|---|---|---|---|---|
| | | **2011-12** | **2012-13** | **2013-14** | **2014-15** |
| 1. | ਰਕਬਾ (000 ਹੈਕ:) | 70 | 83 | 89 | 94 |
| 2. | ਔਸਤਨ ਝਾੜ (ਕੁਇੰ:/ਹੈਕ:) | 706.6 | 713 | 750 | 750 |
| 3. | ਪੈਦਾਵਾਰ (ਲੱਖ ਕੁਇੰ:) | 565 | 591 | 667 | 705 |
| 4. | ਪੀੜਿਆ ਗੰਨਾ (ਲੱਖ ਕੁਇੰ:) | 427 | 474 | 497 | 569 |
| 5. | ਬਣਾਈ ਖੰਡ (ਲੱਖ ਕੁਇੰ:) | 39.00 | 43.09 | 46.90 | 53.66 |
| 6 | ਖੰਡ ਦੀ ਰਿਕਵਰੀ (ਪ੍ਰਤੀਸ਼ਤ) | 9.13 | 9.09 | 9.40 | 9.42 |

## ਪਿੜਾਈ ਸਾਲ 2014-15 ਦੌਰਾਨ ਗੰਨੇ ਹੇਠ ਰਕਬਾ ਵਧਣ ਦੇ ਕਾਰਣ:-

1. ਪੰਜਾਬ ਸਰਕਾਰ ਵਲੋਂ ਪਿੜਾਈ ਸਾਲ 2014-15 ਲਈ ਗੰਨੇ ਦਾ ਰੇਟ (ਐਸ.ਏ.ਪੀ) ਵੱਧ ਫਿਕਸ ਕੀਤਾ ਗਿਆ।
2. ਇਹ ਯਕੀਨੀ ਬਣਾਇਆ ਗਿਆ ਕਿ ਖੰਡ ਮਿੱਲਾਂ ਵੱਲੋ ਗੰਨੇ ਦੇ ਬੀਜ ਦੀ ਪਿੜਾਈ ਨਾ ਕੀਤੀ ਜਾਵੇ।
3. ਕਿਸਾਨਾਂ ਨੂੰ ਖੰਡ ਮਿੱਲਾਂ ਵੱਲੋ ਗੰਨੇ ਦੀ ਕੀਮਤ ਦੀ ਸਮੇ ਸਿਰ ਅਦਾਇਗੀ ਕਰਵਾਉਣ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

# ਬਿਜਾਈ ਸਾਲ 2014-15 ਅਤ 2015-16 ਦਰਾਨ ਗਨਾ ਵਿਕਾਸ ਪਗਰਾਮ ਅਤ ਸਕੀਮਾ:

ਬਿਜਾਈ ਸਾਲ 2014-15 ਅਤੇ 2015-16 ਦੌਰਾਨ ਗੰਨਾ ਸੈਕਸ਼ਨ ਵੱਲੋ ਰਾਜ ਵਿੱਚ ਗੰਨੇ ਹੇਠ ਰਕਬਾ ਵਧਾਉਣ ਲਈ ਅਤੇ ਗੰਨੇ ਦੀ ਖੇਤੀ ਦਾ ਮਸ਼ੀਨੀਕਰਨ ਕਰਨ ਲਈ ਹੇਠ ਲਿਖੀਆਂ ਸਕੀਮਾਂ ਪੰਜਾਬ ਅਤੇ ਭਾਰਤ ਸਰਕਾਰ ਨੂੰ ਭੇਜੀਆਂ ਗਈਆਂ:- **(ਰੁਪਏ ਲੱਖਾਂ ਵਿੱਚ)**

| ਲੜੀ ਨੰ: | ਸਕੀਮ ਦਾ ਨਾਂ | ਬਿਜਾਈ ਸਾਲ 2014-15 | | | | | ਬਿਜਾਈ ਸਾਲ 2015-16 | | | | |
|---|---|---|---|---|---|---|---|---|---|---|---|
| | | ਭੇਜੀ ਗਈ ਤਜਵੀਜ਼ ਦੀ ਰਾਸ਼ੀ | ਪ੍ਰਵਾਨ ਹੋਈ ਰਾਸ਼ੀ | ਪ੍ਰਾਪਤ ਹੋਈ ਰਾਸ਼ੀ | ਖਰਚ ਕੀਤੀ ਗਈ ਰਾਸ਼ੀ | ਬਕਾਇਆ ਰਾਸ਼ੀ | ਭੇਜੀ ਗਈ ਤਜਵੀਜ਼ ਦੀ ਰਾਸ਼ੀ | ਪ੍ਰਵਾਨ ਹੋਈ ਰਾਸ਼ੀ | ਪ੍ਰਾਪਤ ਹੋਈ ਰਾਸ਼ੀ | ਖਰਚ ਕੀਤੀ ਗਈ ਰਾਸ਼ੀ | ਬਕਾਇਆ ਰਾਸ਼ੀ |
| 1 | ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ | 53.93 | 53.93 | ਨਿੱਲ | ਨਿੱਲ | ਨਿੱਲ | 583.38 | ਨਿੱਲ | ਨਿੱਲ | ਨਿੱਲ | ਨਿੱਲ |
| | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ੳ</u> ਤੇ ਨੱਥੀ ਹੈ। | | | | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ਅ</u> ਤੇ ਨੱਥੀ ਹੈ। | | | | |
| 2 | ਕਰਾਪ ਡਿਵਰਸੀਫਿਕੇਸ਼ਨ ਪ੍ਰੋਗਰਾਮ | 686.40 | ਨਿੱਲ | ਨਿੱਲ | ਨਿੱਲ | ਨਿੱਲ | 495.96 | ਨਿੱਲ | ਨਿੱਲ | ਨਿੱਲ | ਨਿੱਲ |
| | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ੲ</u> ਤੇ ਨੱਥੀ ਹੈ। | | | | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ਸ</u> ਤੇ ਨੱਥੀ ਹੈ। | | | | |
| 3 | ਕੌਮੀ ਅੰਨ ਸੁਰੱਖਿਆ ਮਿਸ਼ਨ-ਕਮਰਸ਼ੀਅਲ ਕਰਾਪ (ਸ਼ੂਗਰਕੇਨ) | 20.00 | 15.60 | 15.60 | 15.60 | ਨਿੱਲ | 26.08 | ਨਿੱਲ | ਨਿੱਲ | ਨਿੱਲ | ਨਿੱਲ |
| | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ਹ</u> ਤੇ ਨੱਥੀ ਹੈ। | | | | | ਸਕੀਮ ਦੀ ਮੱਦਵਾਰ ਵੇਰਵਾ <u>ਅਨੁਲੱਗ-ਕ</u> ਤੇ ਨੱਥੀ ਹੈ। | | | | |
| 4 | ਅੰਤਰ ਰਾਸ਼ਟਰੀ ਫੰਡ ਵਿੱਚੋ ਖੇਤੀਬਾੜੀ ਵਿਕਾਸ ਲਈ ਸਹਾਇਤਾ (External Assistance - IFAD) | - | - | - | - | - | 345.42 | ਨਿੱਲ | ਨਿੱਲ | ਨਿੱਲ | ਨਿੱਲ |

(1) <u>ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ:-</u>

***<u>ਸਿੰਗਲ ਬੱਡ ਵਿੱਧੀ ਨਾਲ 8'X4' ਤੇ ਅੰਤਰ ਫਸਲਾਂ ਅਤੇ ਗੰਨੇ ਦੀ ਫਸਲ ਦਾ ਮਸ਼ੀਨੀਕਰਨ</u>***

ਰਾਜ ਵਿੱਚ ਗੰਨੇ ਦੀ ਫਸਲ ਦਾ ਮਸ਼ੀਨੀਕਰਨ ਕਰਨ ਅਤੇ ਗੰਨੇ ਦੀ ਪੈਦਾਵਾਰ, ਰਕਬਾ ਵਧਾਉਣ ਦੇ ਮੰਤਵ ਲਈ ਇਹ ਸਕੀਮ ਚਲਾਈ ਜਾ ਰਹੀ ਹੈ। ਇਸ ਸਕੀਮ ਹੇਠ ਗੰਨਾ ਕਾਸ਼ਤਕਾਰਾਂ ਨੂੰ ਸਿੰਗਲ ਬੱਡ ਵਿੱਧੀ ਨਾਲ 8'X4' ਤੇ ਅੰਤਰ ਫਸਲਾਂ ਦੀ ਬਿਜਾਈ ਵੱਲ ਪ੍ਰੇਰਿਤ ਕਰਨ ਲਈ ਬਿਜਾਈ ਸਾਲ 2014-15 ਦੌਰਾਨ 53.93 ਲੱਖ ਦੀ ਲਾਗਤ ਦੇ ਪ੍ਰਦਰਸ਼ਨੀ ਪਲਾਟ, ਸੰਦ ਅਤੇ ਸਿਖਲਾਈ ਕੈਂਪ ਸਬੰਧੀ ਸਕੀਮ ਸਰਕਾਰ ਨੂੰ ਭੇਜੀ ਗਈ ਸੀ। ਬਿਜਾਈ ਸਾਲ 2015-16 ਦੌਰਾਨ ਪਿੰਡ ਪੱਧਰ ਦੇ ਕੈਂਪ, ਐਕਸਪੋਜਰ ਵਿਜ਼ਟ ਅਤੇ ਗੰਨੇ ਦੀ ਫਸਲ ਦਾ ਮਸ਼ੀਨੀਕਰਨ ਕਰਨ ਤਹਿਤ 4 ਸ਼ੂਗਰਕੇਨ ਹਾਰਵੈਸਟਰ ਯੂਨਿਟ, ਪਾਵਰ ਬੀਡਰ, ਰੋਟਾਂ ਵੇਟਰ, ਟਰੈਂਚਰ, ਬੈਡ ਪਲਾਂਟਰ ਆਦਿ ਉਪਦਾਨ ਤੇ ਦੇਣ ਲਈ 583.38 ਲੱਖ ਦੀ ਸਕੀਮ ਸਰਕਾਰ ਨੂੰ ਭੇਜੀ ਗਈ ਹੈ।

(2) <u>ਕਰਾਪ ਡਿਵਰਸੀਫਿਕੇਸ਼ਨ ਪ੍ਰੋਗਰਾਮ :-</u>

***<u>(ੳ) ਗੰਨੇ ਦੀ ਫਸਲ ਦਾ ਮਸ਼ੀਨੀਕਰਨ</u>***

ਰਾਜ ਵਿੱਚ ਗੰਨੇ ਦੀ ਫਸਲ ਨੂੰ ਮੁੱਖ ਚੁਣੌਤੀ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਤੋਂ ਮਿਲਦੀ ਹੈ। ਭਾਰਤ ਸਰਕਾਰ ਵਲੋ ਕਣਕ, ਝੋਨ ਅਤੇ ਗੰਨੇ ਦੀ ਫਸਲ ਦੀ ਐਫ.ਆਰ.ਪੀ. ਤੋਂ ਵੱਧ ਐਮ.ਐਸ.ਪੀ.ਨਿਰਧਾਰਤ ਕਰਨਾ ਅਤੇ ਇਹਨਾਂ ਫਸਲਾਂ ਦਾ ਮਸ਼ੀਨੀਕਰਨ ਹੋਣਾ ਚੁਣੌਤੀ ਦੇ ਮੁੱਖ ਕਾਰਨ ਹਨ। ਰਾਜ ਵਿੱਚ ਮਜਦੂਰੀ ਦੀ ਸਮੱਸਿਆ ਦੇ ਵਾਧੇ ਨੂੰ ਰੋਕਣ ਲਈ ਗੰਨੇ ਦੀ ਫਸਲ ਦਾ ਮਸ਼ੀਨੀਕਰਨ ਹੋਣਾ ਸਮੇਂ ਦੀ ਮੰਗ ਹੈ। ਇਸ ਲਈ ਬਿਜਾਈ ਸਾਲ 2014-15 ਦੌਰਾਨ ਸੀ.ਡੀ.ਪੀ. ਸਕੀਮ ਅਧੀਨ 6 ਸ਼ੂਗਰਕੇਨ ਹਾਰਵੈਸਟਰ ਯੂਨਿਟ ਪ੍ਰਾਈਵੇਟ ਖੰਡ ਮਿੱਲਾਂ ਨੂੰ 50% ਉਪਦਾਨ ਤੇ ਅਤੇ 1 ਸ਼ੂਗਰਕੇਨ ਹਾਰਵੈਸਟਰ ਯੂਨਿਟ ਸਹਿਕਾਰੀ ਖੰਡ ਮਿੱਲਾਂ ਨੂੰ 100% ਉਪਦਾਨ ਤੇ ਦੇਣ ਵਾਸਤੇ 680 ਲੱਖ ਰੁਪਏ ਦੀ ਸਕੀਮ ਸਰਕਾਰ ਨੂੰ ਭੇਜੀ ਗਈ ਸੀ। ਇਕ ਸ਼ੂਗਰਕੇਨ ਹਾਰਵੈਸਟਰ ਯੂਨਿਟ ਦੀ ਕੀਮਤ ਤਕਰੀਬਨ 170.00 ਲੱਖ ਰੁਪਏ ਹੈ। ਬਿਜਾਈ ਸਾਲ 2015-16 ਲਈ ਇਸ ਸਕੀਮ ਅਧੀਨ ਪ੍ਰਾਈਵੇਟ ਖੰਡ ਮਿੱਲਾਂ ਨੂੰ 50% ਉਪਦਾਨ ਤੇ ਦੇਣ ਵਾਸਤੇ 4 ਸ਼ੂਗਰਕੇਨ ਹਾਰਵੈਸਟਰ ਯੂਨਿਟ, ਪਾਵਰ ਬੀਡਰ, ਟਰੈਂਚਰ, ਬੈਡ ਪਲਾਂਟਰ ਆਦਿ 495.96 ਲੱਖ ਰੁਪਏ ਦੀ ਸਕੀਮ ਸਰਕਾਰ ਨੂੰ ਭੇਜੀ ਗਈ ਹੈ।

***<u>(ਅ) ਸਿੰਗਲ ਬੱਡ ਵਿੱਧੀ ਅਤੇ ਗੰਨੇ ਵਿੱਚ ਅੰਤਰ ਫਸਲਾਂ ਦੀ ਬਿਜਾਈ ਬਰੀਡਰ ਸੀਡ ਅਤੇ ਰੈਟੂਨ ਮੈਨੇਜਮੈਂਟ ਦੇ ਪ੍ਰਦਰਸ਼ਨੀ ਪਲਾਟ</u>***

ਰਾਜ ਵਿੱਚ ਸਿੰਗਲ ਬੱਡ ਵਿੱਧੀ ਨੂੰ ਪ੍ਰਚਲਿੱਤ ਕਰਨ ਲਈ ਅਤੇ ਗੰਨੇ ਵਿੱਚ ਅੰਤਰ ਫਸਲਾਂ ਦੀ ਬਿਜਾਈ ਨੂੰ ਗੰਨਾ ਕਾਸ਼ਤਕਾਰਾਂ ਵੱਲੋਂ ਅਪਨਾਉਣ ਲਈ ਬਿਜਾਈ ਸਾਲ ਬਿਜਾਈ 2014-15 ਦੌਰਾਨ ਸੀ.ਡੀ.ਪੀ. ਸਕੀਮ ਅਧੀਨ 6.40 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਜਾਣ ਵਾਲੇ ਪ੍ਰਦਰਸ਼ਨੀ ਪਲਾਟਾਂ ਦੀ ਤਜਵੀਜ਼ ਸਰਕਾਰ ਨੂੰ ਭੇਜੀ ਗਈ ਸੀ ਅਤੇ ਬਿਜਾਈ ਸਾਲ 2015-16 ਲਈ ਗੰਨੇ ਵਿੱਚ ਅੰਤਰ ਫਸਲਾਂ ਦੀ

ਬਿਜਾਈ, ਬਰੀਡਰ ਸੀਡ, ਰੈਟੂਨ ਮੈਨੇਜਮੈਂਟ ਨੂੰ ਗੰਨਾ ਕਾਸ਼ਤਕਾਰਾਂ ਵੱਲੋਂ ਅਪਨਾਉਣ ਲਈ ਸਕੀਮ ਸਰਕਾਰ ਨੂੰ ਭੇਜੀ ਗਈ ਹੈ।

(3) **ਕੌਮੀ ਅੰਨ ਸੁਰੱਖਿਆ ਮਿਸ਼ਨ-ਕਮਰਸ਼ੀਅਲ ਕਰਾਪ (ਸ਼ੂਗਰਕੇਨ) :-**

ਬਿਜਾਈ ਸਾਲ 2014-15 ਦੌਰਾਨ ਰਾਜ ਵਿੱਚ ਗੰਨੇ ਦੀ ਫਸਲ ਵਿੱਚ ਅੰਤਰ ਫਸਲਾਂ ਦੀ ਬਿਜਾਈ ਨੂੰ ਪ੍ਰਚਲਿੱਤ ਕਰਨ ਲਈ ਅਤੇ ਗੰਨਾ ਕਾਸ਼ਤਕਾਰਾਂ ਨੂੰ ਪ੍ਰੇਰਿਤ ਕਰਨ ਲਈ 20.00 ਲੱਖ ਦੀ ਲਾਗਤ ਨਾਲ ਲਗਾਏ ਜਾਣ ਵਾਲੇ ਪ੍ਰਦਰਸ਼ਨੀ ਪਲਾਟਾਂ ਦੀ ਤਜਵੀਜ਼ ਸਰਕਾਰ ਨੂੰ ਭੇਜੀ ਗਈ ਸੀ। ਜਿਸ ਵਿੱਚੋਂ 15.60 ਲੱਖ ਰੁਪਏ ਦੀ ਸਕੀਮ ਪ੍ਰਵਾਨ ਹੋ ਗਈ ਹੈ ਅਤੇ 11.09 ਲੱਖ ਰੁਪਏ ਦੇ ਫੰਡਜ ਪ੍ਰਾਪਤ ਹੋ ਗਏ ਹਨ ਜੋ ਵਰਤੇ ਜਾ ਚੁੱਕੇ ਹਨ। ਬਿਜਾਈ ਸਾਲ 2015-16 ਦੌਰਾਨ ਰਾਜ ਵਿੱਚ ਗੰਨੇ ਦੀ ਫਸਲ ਵਿੱਚ ਅੰਤਰ ਫਸਲਾਂ ਦੇ ਪ੍ਰਦਰਸ਼ਨੀ ਪਲਾਟ ਅਤੇ ਰਾਜ ਪੱਧਰ ਦੇ ਟਰੇਨਿੰਗ ਕੈਂਪ ਲਗਾਉਣ ਲਈ 26.08 ਲੱਖ ਦੀ ਤਜਵੀਜ਼ ਸਰਕਾਰ ਨੂੰ ਭੇਜੀ ਗਈ ਹੈ।

(4) **ਅੰਤਰ ਰਾਸ਼ਟਰੀ ਫੰਡ ਵਿੱਚੋ ਖੇਤੀਬਾੜੀ ਦੇ ਵਿਕਾਸ ਲਈ ਬਾਹਰੀ ਸਹਾਇਤਾ (External Assistance -IFAD):-**

ਇੰਟਰਨੈਸ਼ਨਲ ਫੰਡ ਫਾਰ ਐਗਰੀਕਲਚਰ ਡਿਵੈਲਪਮੈਂਟ (IFAD) ਅਧੀਨ ਐਕਸਟਰਨਲ ਅਸਿਸਟੈਂਸ ਲੈਣ ਲਈ ਗੰਨਾ ਸੈਕਸ਼ਨ ਵੱਲੋ ਬਿਜਾਈ ਸਾਲ 2015-16 ਲਈ 345.42 ਲੱਖ ਰੁਪਏ ਦੀ ਤਜਵੀਜ ਬਣਾਈ ਗਈ ਹੈ। ਜਿਸ ਵਿੱਚ 8'X4' ਦੇ ਪ੍ਰਦਰਸ਼ਨ. ਪਲਾਟ, ਪਾਵਰ ਵੀਡਰ, ਰਿੱਜਰ, ਟਰੈਂਚਰ ਪਿੰਡ ਪੱਧਰ ਦੇ ਕੈਂਪ, ਜਿੰਮੀਦਾਰਾਂ ਦੀਆਂ ਅੰਤਰ ਜਿਲਾ ਐਕਸਪੋਜਰ ਵਿਜ਼ਟ ਆਦਿ ਸ਼ਾਮਿਲ ਹਨ। ਇਹ ਸਕੀਮ ਅਜੇ ਵਿਚਾਰ ਅਧੀਨ ਹੈ।

***********